# ਲਾਇਬ੍ਰੇਰੀਅਨਾਂ ਅਤੇ ਹੋਰ ਸੂਚਨਾ ਕਰਮਚਾਰੀਆਂ ਲਈ ਸਦਾਚਾਰੀ ਨਿਯਮ (ਕੋਡ ਆਫ਼ ਐਥਿਕਸ) (ਪੂਰਾ ਸੰਸਕਰਣ)

## ਪ੍ਰਸਤਾਵਨਾ

ਇਹ ਸਦਾਚਾਰੀ ਨਿਯਮ ਅਤੇ ਪੇਸ਼ੇਵਰ ਆਚਰਣ ਵਿਅਕਤੀਗਤ ਲਾਇਬ੍ਰੇਰੀਅਨਾਂ ਦੇ ਨਾਲ-ਨਾਲ ਹੋਰ ਸੂਚਨਾ ਕਰਮਚਾਰੀਆਂ ਦੇ ਮਾਰਗਦਰਸ਼ਨ ਲਈ ਅਤੇ ਆਪਣੇ ਖੁਦ ਦੇ ਨਿਯਮ ਬਣਾਉਣ ਜਾਂ ਸੰਸ਼ੋਧਨ ਕਰਦੇ ਸਮੇਂ ਲਾਇਬ੍ਰੇਰੀ ਅਤੇ ਸੂਚਨਾ ਸੰਘਾਂ ਦੇ ਵਿਚਾਰ ਲਈ ਨੈਤਿਕ ਤਜਵੀਜ਼ਾਂ ਦੀ ਲੜੀ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ।

ਸਦਾਚਾਰੀ ਨਿਯਮਾਂ (ਕੋਡ ਆਫ਼ ਐਥਿਕਸ) ਦੇ ਕੰਮਾਂ ਦਾ ਹੇਠ ਲਿਖੇ ਅਨੁਸਾਰ ਵਰਨਣ ਕੀਤਾ ਜਾ ਸਕਦਾ ਹੈ:

- ਉਹਨਾਂ ਸਿਧਾਂਤਾਂ ਤੇ ਚਿੰਤਨ ਨੂੰ ਹੱਲਾਸ਼ੇਰੀ ਦੇਣਾ ਜਿਸ ਤੇ ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਨੀਤੀਆਂ ਬਣਾ ਸਕਦੇ ਹਨ ਅਤੇ ਦੁਵਿਧਾਵਾਂ ਨੂੰ ਸੰਭਾਲ ਸਕਦੇ ਹਨ।
- ਪੇਸ਼ੇਵਰ ਸਵੈ-ਜਾਗਰੂਕਤਾ ਵਿੱਚ ਸੁਧਾਰ ਕਰਨਾ ।
- ਵਰਤੋਂਕਾਰਾਂ ਅਤੇ ਆਮ ਤੌਰ ਤੇ  ਸਮਾਜ ਨੂੰ ਪਾਰਦਰਸ਼ਤਾ ਪ੍ਰਦਾਨ ਕਰਨਾ ।

ਇਹ ਨਿਯਮਾਵਲੀ ਮੌਜੂਦਾ ਨਿਯਮਾਂ ਨੂੰ ਬਦਲਣ ਜਾਂ ਪੇਸ਼ੇਵਰ ਸੰਘਾਂ ਤੇ ਖੋਜ, ਸਲਾਹ ਅਤੇ ਸਹਿਕਾਰੀ ਖਰੜੇ ਦੀ ਪ੍ਰਕ੍ਰਿਆ ਦੁਆਰਾ ਆਪਣੇ ਖੁਦ ਦੇ ਨਿਯਮ ਵਿਕਸਿਤ ਕਰਨ ਦੀ ਜ਼ਿੰਮੇਵਾਰੀ ਨੂੰ ਹਟਾਉਣ ਲਈ ਨਹੀਂ ਹੈ ਅਤੇ ਨਾ ਹੀ ਇਹਨਾਂ ਨਿਯਮਾਂ ਦੀ ਪੂਰੀ ਪਾਲਣਾ ਦੀ ਉਮੀਦ ਹੈ ।

**ਇਸ ਨਿਯਮਾਵਲੀ ਨੂੰ ਇਸ ਵਿਸ਼ਵਾਸ ਵਿੱਚ ਪੇਸ਼ ਕੀਤਾ ਗਿਆ ਹੈ ਕਿ**:

ਲਾਇਬ੍ਰੇਰੀ ਪੇਸ਼ਾ ਆਪਣੇ ਸੰਖੇਪ ਰੂਪ ਵਿੱਚ ਇੱਕ ਨੈਤਿਕ ਗਤੀਵਿਧੀ ਹੈ ਜੋ ਕਿ ਸੂਚਨਾ ਦੇ ਨਾਲ ਪੇਸ਼ੇਵਰ ਕੰਮ ਕਰਨ ਲਈ ਮੁੱਲ ਨਾਲ ਭਰਪੂਰ ਪਹੁੰਚ ਨੂੰ ਦਰਸਾਉਂਦੀ ਹੈ ।

ਹਾਲੀਆ ਸਦੀਆਂ ਵਿੱਚ ਸਮਾਜ ਦੀ ਵਧਦੀ ਗੁੰਝਲਤਾ ਦੇ ਨਾਲ ਵਿਚਾਰਾਂ ਅਤੇ ਸੂਚਨਾ ਨੂੰ ਸਾਂਝਾ ਕਰਨ ਦੀ ਲੋੜ ਹੋਰ ਮਹੱਤਵਪੂਰਨ ਹੋ ਗਈ ਹੈ ਅਤੇ ਇਹ ਲਾਇਬ੍ਰੇਰੀਆਂ ਅਤੇ ਲਾਇਬ੍ਰੇਰੀ ਦੇ ਪੇਸ਼ੇ ਦੇ ਅਭਿਆਸ ਲਈ ਤਰਕ ਪ੍ਰਦਾਨ ਕਰਦੀ ਹੈ ।

ਆਧੁਨਿਕ ਸਮਾਜ ਵਿੱਚ ਸੂਚਨਾ ਸੰਸਥਾਵਾਂ ਅਤੇ ਪੇਸ਼ੇਵਰਾਂ, ਜਿਸ ਵਿੱਚ ਲਾਇਬ੍ਰੇਰੀਆਂ ਅਤੇ ਲਾਇਬ੍ਰੇਰੀਅਨ ਵੀ ਸ਼ਾਮਲ ਹਨ, ਦੀ ਭੂਮਿਕਾ ਸੂਚਨਾ ਦੀ ਰਿਕਾਰਡਿੰਗ ਅਤੇ ਪ੍ਰਤੀਨਿਧਤਾ ਦੀ ਅਨੁਕੂਲਤਾ ਦਾ ਸਮਰਥਨ ਕਰਨਾ ਹੈ ਅਤੇ ਉਸ ਤਕ ਪਹੁੰਚ ਪ੍ਰਦਾਨ ਕਰਨਾ ਹੈ । ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਭਲਾਈ ਦੇ ਹਿੱਤ ਵਿੱਚ ਸੂਚਨਾ ਸੇਵਾ ਲਾਇਬ੍ਰੇਰੀਅਨ ਪੇਸ਼ੇ ਦੇ ਕੇਂਦਰ ਵਿੱਚ ਹੈ ਅਤੇ ਇਹ ਲਾਇਬ੍ਰੇਰੀਅਨਾਂ ਦੀ ਸਮਾਜਿਕ ਜ਼ਿੰਮੇਵਾਰੀ ਹੈ ।

ਇਸ ਤੋਂ ਇਲਾਵਾ, ਜਾਣਕਾਰੀ ਅਤੇ ਵਿਚਾਰਾਂ ਨੂੰ ਸਾਂਝਾ ਕਰਨ ਦੀ ਮਨੁੱਖੀ ਲੋੜ ਵਿੱਚ ਇਹ ਵਿਸ਼ਵਾਸ ਸੂਚਨਾ ਅਧਿਕਾਰਾਂ ਦੀ ਮਾਨਤਾ ਦਰਸਾਉਂਦਾ ਹੈ । ਮਨੁੱਖੀ ਅਧਿਕਾਰਾਂ ਦਾ ਵਿਚਾਰ ਜੋ ਕਿ ਖਾਸ ਤੌਰ ਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ (1948) ਵਿੱਚ ਪ੍ਰਗਟ ਕੀਤਾ ਗਿਆ ਹੈ, ਸਾਡੇ ਸਾਰਿਆਂ ਲਈ ਦੂਜਿਆਂ

ਦੀ ਮਨੁੱਖਤਾ ਨੂੰ ਪਛਾਣਨਾ ਅਤੇ ਸਵੀਕਾਰ ਕਰਨਾ, ਅਤੇ ਉਹਨਾਂ ਦੇ ਅਧਿਕਾਰਾਂ ਦਾ ਆਦਰ ਕਰਨ ਲਈ ਮੰਗ ਕਰਦਾ ਹੈ । ਖਾਸ ਤੌਰ ਤੇ ਧਾਰਾ 19 ਸਾਰੇ ਮਨੁੱਖਾਂ ਲਈ ਵਿਚਾਰ, ਪ੍ਰਗਟਾਵੇ ਅਤੇ ਪਹੁੰਚ ਦੀ ਆਜ਼ਾਦੀ ਦੇ ਅਧਿਕਾਰਾਂ ਨੂੰ ਨਿਰਧਾਰਤ ਕਰਦੀ ਹੈ ।

ਧਾਰਾ 19 ਸਪੱਸ਼ਟ ਤੌਰ ਤੇ ਕਿਸੀ ਵੀ ਸੰਚਾਰ ਮਾਧਿਅਮ ਵਿੱਚ ਅਤੇ ਸਰਹੱਦਾਂ ਦੀ ਪਰਵਾਹ ਕੀਤੇ ਬਿਨਾਂ ਜਾਣਕਾਰੀ ਅਤੇ ਵਿਚਾਰਾਂ ਨੂੰ ਲੱਭਣ, ਪ੍ਰਾਪਤ ਕਰਨ ਅਤੇ ਪ੍ਰਦਾਨ ਕਰਨ ਦਾ ਅਧਿਕਾਰ ਨਿਰਧਾਰਤ ਕਰਦਾ ਹੈ ਜੋ ਲਾਇਬ੍ਰੇਰੀਆਂ ਅਤੇ ਆਧੁਨਿਕ ਅਤੇ ਪ੍ਰਗਤੀਸ਼ੀਲ ਲਾਇਬ੍ਰੇਰੀ ਪੇਸ਼ੇ ਦੇ ਅਭਿਆਸ ਲਈ ਸਪਸ਼ਟ ਤਰਕ ਪ੍ਰਦਾਨ ਕਰਦਾ ਹੈ । ਇਫ਼ਲਾ ਨੇ ਬਿਆਨਾਂ, ਘੋਸ਼ਣਾ-ਪੱਤਰ, ਨੀਤੀ ਅਤੇ ਤਕਨੀਕੀ ਦਸਤਾਵੇਜ਼ਾਂ ਦੁਆਰਾ ਜਿਨ੍ਹਾਂ ਨੂੰ ਇੱਥੇ ਸੂਚੀਬੱਧ ਕਰਨਾ ਅਸੰਭਵ ਹੈ, ਸੂਚਨਾ ਦੇ ਨਾਲ ਕੰਮ ਦੀ ਸਮਝ ਦਾ ਵਿਸਤਾਰ ਕੀਤਾ ਹੈ । ਇਸ ਕੰਮ ਵਿੱਚ ਸੂਚਨਾ ਅਧਿਕਾਰਾਂ ਤੇ ਵਿਚਾਰ ਤੇ ਪੇਸ਼ੇ ਅਤੇ ਸਮਾਜ ਲਈ ਉਹਨਾਂ ਦੀ ਮਹੱਤਤਾ ਨਿਹਿਤ ਹੈ । ਸੂਚਨਾ ਅਧਿਕਾਰਾਂ ਤੇ ਜ਼ੋਰ ਬਦਲੇ ਵਿੱਚ ਲਾਇਬ੍ਰੇਰੀਅਨਾਂ ਅਤੇ ਹੋਰ ਸੂਚਨਾ ਕਰਮਚਾਰੀਆਂ ਨੂੰ ਸੰਬੰਧਿਤ ਕਾਨੂੰਨ ਦੀ ਸਿਧਾਂਤਕ ਆਲੋਚਨਾ ਵਿਕਸਿਤ ਕਰਨ ਅਤੇ ਮਸ਼ਵਰਾ ਦੇਣ ਲਈ ਲਈ ਤਿਆਰ ਰਹਿਣ ਲਈ ਪਾਬੰਧ ਕਰਦਾ ਹੈ ਅਤੇ ਜੇਕਰ ਉਚਿਤ ਹੋਵੇ, ਕਾਨੂੰਨ ਦੇ ਮੂਲ-ਤੱਤ ਅਤੇ ਪ੍ਰਸ਼ਾਸਨ ਦੋਵਾਂ ਦੇ ਸੁਧਾਰ ਦੀ ਵਕਾਲਤ ਕਰਦਾ ਹੈ ।

ਇਸ ਸਦਾਚਾਰੀ ਨਿਯਮ ਦੀਆਂ ਧਾਰਾਵਾਂ ਪੇਸ਼ੇਵਰਾਂ ਦੇ ਆਚਰਣ ਬਾਰੇ ਸੁਝਾਵਾਂ ਦਾ ਇੱਕ ਸਮੂਹ ਪ੍ਰਦਾਨ ਕਰਨ ਲਈ ਇਸ ਪ੍ਰਸਤਾਵਨਾ ਵਿੱਚ ਦੱਸੇ ਗਏ ਮੂਲ ਸਿਧਾਂਤਾਂ ਤੇ ਬਣੀਆਂ ਹਨ । ਇਫ਼ਲਾ ਮੰਨਦਾ ਹੈ ਕਿ ਇਹ ਮੂਲ ਸਿਧਾਂਤ ਅਜਿਹੀ ਕਿਸੇ ਵੀ ਨਿਯਮਾਵਲੀ ਦਾ ਕੇਂਦਰ ਹੋਣੇ ਚਾਹੀਦੇ ਹਨ, ਪਰ ਨਿਯਮਾਵਲੀ ਦੀ ਵਿਸ਼ੇਸ਼ਤਾਵਾਂ ਖਾਸ ਸਮਾਜ, ਅਭਿਆਸ ਦੇ ਭਾਈਚਾਰੇ ਜਾਂ ਆਭਾਸੀ (ਵਰਚੁਅਲ) ਕਮਿਊਨਿਟੀ ਦੇ ਭਾਈਚਾਰੇ ਅਨੁਸਾਰ ਜ਼ਰੂਰੀ ਤੌਰ ਤੇ ਵੱਖਰੀਆਂ ਹੋਣਗੀਆਂ। ਨਿਯਮਾਵਲੀ ਬਣਾਉਣਾ ਪੇਸ਼ੇਵਰ ਸੰਘ ਦਾ ਇੱਕ ਜ਼ਰੂਰੀ ਕੰਮ ਹੈ ਜਿਵੇਂ ਕਿ ਨੈਤਿਕ ਪ੍ਰਤੀਬਿੰਬ ਸਾਰੇ ਪੇਸ਼ੇਵਰਾਂ ਲਈ ਜਰੂਰੀ ਹੈ। ਇਹਨਾਂ ਉਦੇਸ਼ਾਂ ਲਈ ਇਫ਼ਲਾ ਆਪਣੇ ਸਾਰੇ ਮੈਂਬਰ ਸੰਘਾਂ ਅਤੇ ਸੰਸਥਾਵਾਂ ਅਤੇ ਵਿਅਕਤੀਗਤ ਲਾਇਬ੍ਰੇਰੀਅਨਾਂ ਅਤੇ ਸੂਚਨਾ ਕਰਮਚਾਰੀਆਂ ਲਈ ਸਦਾਚਾਰੀ ਨਿਯਮਾਂ ਦੀ ਸਿਫ਼ਾਰਸ਼ ਕਰਦਾ ਹੈ।

ਇਫ਼ਲਾ ਜਦੋਂ ਵੀ ਉਚਿਤ ਹੋਵੇ ਇਸ ਨਿਯਮਾਵਲੀ ਨੂੰ ਸੰਸ਼ੋਧਿਤ ਕਰਨ ਦਾ ਵਾਅਦਾ ਕਰਦਾ ਹੈ ।

1. **ਸੂਚਨਾ ਤੱਕ ਪਹੁੰਚ**

   ਲਾਇਬ੍ਰੇਰੀਅਨਾਂ ਅਤੇ ਹੋਰ ਸੂਚਨਾ ਕਰਮਚਾਰੀਆਂ ਦਾ ਮੁੱਖ ਮਿਸ਼ਨ ਨਿੱਜੀ ਵਿਕਾਸ, ਸਿੱਖਿਆ, ਸੱਭਿਆਚਾਰਕ ਸੰਸ਼ੋਧਨ, ਮਨੋਰੰਜਨ, ਆਰਥਿਕ ਗਤੀਵਿਧੀ ਅਤੇ ਜਮਹੂਰੀਅਤ ਵਿੱਚ ਸੂਚਿਤ ਭਾਗੀਦਾਰੀ ਅਤੇ ਵਾਧੇ ਲਈ ਸਾਰਿਆਂ ਲਈ ਜਾਣਕਾਰੀ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ ਹੈ।

   ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਖਾਸ ਤੌਰ ਤੇ ਕਾਂਟ-ਛਾਂਟ (ਸੈਂਸਰਸ਼ਿਪ) ਦੁਆਰਾ ਰਾਜਾਂ, ਸਰਕਾਰਾਂ, ਧਾਰਮਿਕ ਜਾਂ ਸਿਵਲ ਸੁਸਾਇਟੀ ਸੰਸਥਾਵਾਂ ਦੁਆਰਾ ਸੂਚਨਾ ਅਤੇ ਵਿਚਾਰਾਂ ਤੱਕ ਪਹੁੰਚ ਤੋਂ ਇਨਕਾਰ ਅਤੇ ਇਸ ਤੇ ਪਾਬੰਦੀ ਨੂੰ ਅਸਵੀਕਾਰ ਕਰਦੇ ਹਨ ।

   ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੇ ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀਆਂ ਨੂੰ ਆਪਣੇ ਸੰਗ੍ਰਹਿ ਅਤੇ ਸੇਵਾਵਾਂ ਤੱਕ ਵਰਤੋਂਕਾਰ ਨੂੰ ਮੁਫ਼ਤ ਪਹੁੰਚ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਜੇ ਮੈਂਬਰਸ਼ਿਪ ਫੀਸਾਂ ਅਤੇ ਪ੍ਰਬੰਧਕੀ ਖਰਚੇ ਅਟੱਲ ਹਨ, ਤਾਂ ਉਹਨਾਂ ਨੂੰ ਜਿੰਨਾ ਸੰਭਵ ਹੋ ਸਕੇ ਘੱਟ ਰੱਖਿਆ ਜਾਣਾ ਚਾਹੀਦਾ ਹੈ ਅਤੇ ਵਿਹਾਰਕ ਹੱਲ ਲੱਭਿਆ ਜਾਣਾ ਚਾਹੀਦਾ ਹੈ ਤਾਂ ਜੋ ਸਮਾਜਿਕ ਤੌਰ ਤੇ ਪਛੜੇ ਲੋਕਾਂ ਨੂੰ ਸੂਚਨਾ ਤੋਂ ਵੰਚਿਤ ਨਾ ਰੱਖਿਆ ਜਾਵੇ ।

   ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਆਪਣੇ ਸੰਗ੍ਰਹਿ ਅਤੇ ਸੇਵਾਵਾਂ ਦਾ ਪ੍ਰਚਾਰ ਕਰਦੇ ਹਨ ਤਾਂ ਜੋ ਵਰਤੋਂਕਾਰ ਅਤੇ ਸੰਭਾਵੀ ਵਰਤੋਂਕਾਰ ਉਹਨਾਂ ਦੀ ਮੌਜੂਦਗੀ ਅਤੇ ਉਪਲਬਧਤਾ ਤੋਂ ਜਾਣੂ ਹੋਣ ।

   ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਸਾਰਿਆਂ ਲਈ ਸੂਚਨਾ ਸਰੋਤਾਂ ਨੂੰ ਪਹੁੰਚਯੋਗ ਬਣਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਦੀ ਵਰਤੋਂ ਕਰਦੇ ਹਨ । ਇਸ ਮੰਤਵ ਲਈ ਉਹ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਲਾਇਬ੍ਰੇਰੀਆਂ ਅਤੇ ਹੋਰ ਸੂਚਨਾ ਸੰਸਥਾਵਾਂ ਦੀਆਂ ਵੈੱਬਸਾਈਟਾਂ

ਪਹੁੰਚਯੋਗਤਾ ਲਈ ਅੰਤਰਰਾਸ਼ਟਰੀ ਮਾਪਦੰਡਾਂ ਦੀ ਪਾਲਣਾ ਕਰਦੀਆਂ ਹਨ ਅਤੇ ਉਹਨਾਂ ਤੱਕ ਪਹੁੰਚ ਵਿੱਚ ਕੋਈ ਰੁਕਾਵਟ ਨਹੀਂ ਆਉਂਦੀ।

2. **ਵਿਅਕਤੀਆਂ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀਆਂ**

ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਵਿਤਕਰੇ ਨੂੰ ਖ਼ਤਮ ਕਰਨ ਲਈ, ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਇਹ ਯਕੀਨੀ ਬਣਾਉਂਦੇ ਹਨ ਕਿ ਸੂਚਨਾ ਤੱਕ ਪਹੁੰਚ ਕਰਨ ਦੇ ਅਧਿਕਾਰ ਤੋਂ ਇਨਕਾਰ ਨਾ ਕੀਤਾ ਜਾਵੇ ਅਤੇ ਸਾਰੀਆਂ ਨੂੰ ਬਰਾਬਰ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ, ਚਾਹੇ ਵਰਤੋਂਕਾਰ ਦੀ ਉਮਰ, ਨਾਗਰਿਕਤਾ, ਰਾਜਨੀਤਿਕ ਵਿਸ਼ਵਾਸ, ਸਰੀਰਕ ਜਾਂ ਮਾਨਸਿਕ ਯੋਗਤਾ, ਲਿੰਗ ਪਛਾਣ, ਵਿਰਾਸਤ, ਸਿੱਖਿਆ, ਆਮਦਨ, ਇਮੀਗ੍ਰੇਸ਼ਨ, ਸ਼ਰਣ-ਮੰਗਣ ਦੀ ਸਥਿਤੀ, ਵਿਆਹੁਤਾ ਸਥਿਤੀ, ਮੂਲ, ਨਸਲ, ਧਰਮ ਜਾਂ ਜਿਨਸੀ ਰੁਝਾਨ ਜੋ ਵੀ ਹੋਵੇ ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਦੇਸ਼ ਦੇ ਭਾਸ਼ਾਈ ਅਲਪਸਸੰਖਿਅਕ ਅਤੇ ਉਨ੍ਹਾਂ ਦੀ ਆਪਣੀ ਭਾਸ਼ਾ ਵਿੱਚ ਸੂਚਨਾ ਪ੍ਰਾਪਤ ਕਰਨ ਦੇ ਅਧਿਕਾਰ ਦਾ ਸਨਮਾਨ ਕਰਦੇ ਹਨ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਸਮੱਗਰੀ ਨੂੰ ਇਸ ਤਰੀਕੇ ਨਾਲ ਸੰਗਠਿਤ ਅਤੇ ਪੇਸ਼ ਕਰਦੇ ਹਨ ਕਿ ਖੁਦਮੁਖਤਿਆਰ ਵਰਤੋਂਕਾਰ ਨੂੰ ਲੋੜੀਂਦੀ ਜਾਣਕਾਰੀ ਲੱਭਣੀ ਸੁਖਾਲੀ ਹੋਵੇ। ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਸੂਚਨਾ ਲੱਭਣ ਵਿੱਚ ਵਰਤੋਂਕਾਰਾਂ ਦੀ ਮਦਦ ਅਤੇ ਸਮਰਥਨ ਕਰਦੇ ਹਨ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਪੜ੍ਹਨ ਦੇ ਹੁਨਰ ਨੂੰ ਵਧਾਉਣ ਲਈ ਸੇਵਾਵਾਂ ਪ੍ਰਦਾਨ ਕਰਦੇ ਹਨ। ਉਹ ਸੂਚਨਾ ਸਾਖਰਤਾ ਨੂੰ ਪ੍ਰਫੁਲਿਤ ਕਰਦੇ ਹਨ ਜਿਸ ਵਿੱਚ ਸੂਚਨਾ ਦੀ ਪਛਾਣ ਕਰਨ, ਪਤਾ ਲਗਾਉਣ, ਮੁਲਾਂਕਣ ਕਰਨ, ਸੰਗਠਿਤ ਕਰਨ ਅਤੇ ਸਿਰਜਣ, ਵਰਤੋਂ ਅਤੇ ਸੰਚਾਰ ਕਰਨ ਦੀ ਯੋਗਤਾ ਸ਼ਾਮਲ ਹੈ । ਉਹ ਸੂਚਨਾ ਦੀ ਨੈਤਿਕ ਵਰਤੋਂ ਨੂੰ ਪ੍ਰਫੁਲਿਤ ਕਰਦੇ ਹਨ ਜਿਸ ਨਾਲ ਸਾਹਿਤਕ ਚੋਰੀ ਅਤੇ ਸੂਚਨਾ ਦੀ ਦੁਰਵਰਤੋਂ ਦੇ ਹੋਰ ਰੂਪਾਂ ਨੂੰ ਖਤਮ ਕਰਨ ਵਿੱਚ ਮਦਦ ਮਿਲਦੀ ਹੈ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਨਾਬਾਲਗਾਂ ਦੀ ਸੁਰੱਖਿਆ ਦਾ ਆਦਰ ਕਰਦੇ ਹੋਏ ਇਹ ਯਕੀਨੀ ਬਣਾਉਂਦੇ ਹਨ ਕਿ ਇਹ ਬਾਲਗਾਂ ਦੇ ਸੂਚਨਾ ਅਧਿਕਾਰਾਂ ਤੇ ਪ੍ਰਭਾਵ ਨਾ ਪਾਵੇ ।

3. **ਗੋਪਨੀਯਤਾ, ਗੁਪਤਤਾ ਅਤੇ ਪਾਰਦਰਸ਼ਤਾ**

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਜ਼ਰੂਰੀ ਤੌਰ ਤੇ ਵਿਅਕਤੀਆਂ ਅਤੇ ਸੰਸਥਾਵਾਂ ਵਿਚਕਾਰ ਸਾਂਝਾ ਕੀਤੇ ਜਾਣ ਵਾਲੇ ਨਿੱਜੀ ਡੇਟਾ ਦੀ ਨਿੱਜੀ ਗੋਪਨੀਯਤਾ ਅਤੇ ਸੁਰੱਖਿਆ ਦਾ ਸਨਮਾਨ ਕਰਦੇ ਹਨ ।

ਲਾਇਬ੍ਰੇਰੀ ਅਤੇ ਵਰਤੋਂਕਾਰ ਵਿਚਕਾਰ ਗੁਪਤਤਾ ਦਾ ਸਬੰਧ ਹੈ ਅਤੇ ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਇਹ ਯਕੀਨੀ ਬਣਾਉਣ ਲਈ ਉਚਿਤ ਉਪਾਅ ਕਰਦੇ ਹਨ ਕਿ ਵਰਤੋਂਕਾਰ ਦਾ ਡੇਟਾ ਮੂਲ ਲੈਣ-ਦੇਣ ਤੋਂ ਬਾਹਰ ਸਾਂਝਾ ਨਾ ਕੀਤਾ ਜਾਵੇ ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਪਾਰਦਰਸ਼ਤਾ ਦਾ ਸਮਰਥਨ ਕਰਦੇ ਹਨ ਅਤੇ ਇਸ ਵਿੱਚ ਹਿੱਸਾ ਲੈਂਦੇ ਹਨ ਤਾਂ ਜੋ ਸਰਕਾਰ, ਪ੍ਰਸ਼ਾਸਨ ਅਤੇ ਕਾਰੋਬਾਰ ਦੇ ਕੰਮਕਾਜ ਨੂੰ ਆਮ ਲੋਕਾਂ ਦੀ ਜਾਂਚ ਲਈ ਖੋਲ ਦਿੱਤਾ ਜਾਵੇ। ਉਹ ਇਹ ਵੀ ਮੰਨਦੇ ਹਨ ਕਿ ਬੇਨਕਾਬ ਕਰਨ ਵਾਲਿਆਂ (whistleblowers) ਦੁਆਰਾ ਦੁਰਵਿਹਾਰ, ਭ੍ਰਿਸ਼ਟਾਚਾਰ ਅਤੇ ਅਪਰਾਧ ਦਾ ਪਰਦਾਫਾਸ਼ ਕੀਤਾ ਜਾਵੇ, ਚਾਹੇ ਇਸ ਨਾਲ ਗੁਪਤਤਾ ਦਾ ਉਲੰਘਣ ਹੁੰਦਾ ਹੋਵੇ ।

4. **ਖੁੱਲ੍ਹੀ ਪਹੁੰਚ ਅਤੇ ਬੌਧਿਕ ਸੰਪਤੀ**

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀਆਂ ਦੀ ਦਿਲਚਸਪੀ ਲਾਇਬ੍ਰੇਰੀ ਵਰਤੋਂਕਾਰਾਂ ਲਈ ਕਿਸੇ ਵੀ ਮੀਡੀਆ ਜਾਂ ਰੂਪ ਵਿੱਚ ਸੂਚਨਾ ਅਤੇ ਵਿਚਾਰਾਂ ਤੱਕ ਸਭ ਤੋਂ ਵਧੀਆ ਸੰਭਵ ਪਹੁੰਚ ਪ੍ਰਦਾਨ ਕਰਨਾ ਹੈ । ਇਸ ਵਿੱਚ ਓਪਨ ਐਕਸੈਸ, ਓਪਨ ਸੋਰਸ, ਅਤੇ ਓਪਨ ਲਾਇਸੰਸ ਦੇ ਸਿਧਾਂਤਾਂ ਦਾ ਸਮਰਥਨ ਸ਼ਾਮਲ ਹੈ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀਆਂ ਦਾ ਉਦੇਸ਼ ਵਰਤੋਂਕਾਰਾਂ ਲਈ ਜਾਣਕਾਰੀ ਤੱਕ ਨਿਰਪੱਖ, ਤੇਜ਼, ਕਿਫ਼ਾਇਤੀ ਅਤੇ ਪ੍ਰਭਾਵਸ਼ਾਲੀ ਪਹੁੰਚ ਪ੍ਰਦਾਨ ਕਰਨਾ ਹੈ।

ਲਾਇਬ੍ਰੇਰੀਆਂ ਲਈ ਕਾਪੀਰਾਈਟ ਪਾਬੰਦੀਆਂ ਦੇ ਅਪਵਾਦਾਂ ਅਤੇ ਸੀਮਾਵਾਂ ਦੀ ਵਕਾਲਤ ਕਰਨਾ ਲਾਇਬ੍ਰੇਰੀਅਨਾਂ ਅਤੇ ਹੋਰ ਸੂਚਨਾ ਕਰਮਚਾਰੀਆਂ ਦਾ ਇੱਕ ਪੇਸ਼ੇਵਰ ਫਰਜ਼ ਹੈ ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਕਾਪੀਰਾਈਟ ਸੁਰੱਖਿਅਤ ਕੰਮਾਂ ਦੇ ਲੇਖਕਾਂ, ਪ੍ਰਕਾਸ਼ਕਾਂ ਅਤੇ ਹੋਰ ਸਿਰਜਣਹਾਰਾਂ ਦੇ ਭਾਗੀਦਾਰ ਹਨ। ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਲੇਖਕਾਂ ਅਤੇ ਹੋਰ ਸਿਰਜਣਹਾਰਾਂ ਦੀ ਬੌਧਿਕ ਸੰਪੱਤੀ ਦੇ ਅਧਿਕਾਰ ਨੂੰ ਮਾਨਤਾ ਦਿੰਦੇ ਹਨ ਅਤੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਉਹਨਾਂ ਦੇ ਅਧਿਕਾਰਾਂ ਦਾ ਸਨਮਾਨ ਕੀਤਾ ਜਾਵੇ ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਆਪਣੇ ਵਰਤੋਂਕਾਰਾਂ ਵੱਲੋਂ ਕੰਮਾਂ ਤੱਕ ਪਹੁੰਚ ਲਈ ਸਭ ਤੋਂ ਅਨੁਕੂਲ ਸ਼ਰਤਾਂ ਤੇ ਗੱਲਬਾਤ ਕਰਦੇ ਹਨ ਅਤੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਬੌਧਿਕ ਸੰਪੱਤੀ ਕਾਨੂੰਨਾਂ ਦੇ ਪ੍ਰਬੰਧਨ ਦੇ ਢੰਗ ਦੁਆਰਾ ਪਹੁੰਚ ਨੂੰ ਵਿਅਰਥ ਹੀ ਰੋਕਿਆ ਨਾ ਜਾਵੇ ਅਤੇ ਇਹ ਵੀ ਯਕੀਨੀ ਬਣਾਉਂਦੇ ਹਨ ਕਿ ਲਾਇਸੰਸ ਰਾਸ਼ਟਰੀ ਕਾਨੂੰਨ ਵਿੱਚ ਸੰਮਿਲਿਤ ਲਾਇਬ੍ਰੇਰੀਆਂ ਲਈ ਅਪਵਾਦਾਂ ਦੀ ਅਵਹੇਲਨਾ ਨਾ ਕਰਨ ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਸਰਕਾਰਾਂ ਨੂੰ ਬੌਧਿਕ ਸੰਪੱਤੀ ਪ੍ਰਣਾਲੀ ਸਥਾਪਤ ਕਰਨ ਲਈ ਉਤਸ਼ਾਹਿਤ ਕਰਦੇ ਹਨ ਜੋ ਕਿ ਅਧਿਕਾਰ ਧਾਰਕਾਂ ਅਤੇ ਵਿਅਕਤੀਆਂ ਦੇ ਹਿੱਤਾਂ ਅਤੇ ਉਹਨਾਂ ਦੀ ਸੇਵਾ ਕਰਨ ਵਾਲੀਆਂ ਲਾਇਬ੍ਰੇਰੀਆਂ ਵਰਗੀਆਂ ਸੰਸਥਾਵਾਂ ਦੇ ਵਿਚਕਾਰ ਸੰਤੁਲਨ ਦਾ ਉਚਿਤ ਸਨਮਾਨ ਕਰਦਾ ਹੈ ।

ਲਾਇਬ੍ਰੇਰੀਅਨ ਅਤੇ ਹੋਰ ਜਾਣਕਾਰੀ ਕਰਮਚਾਰੀ ਇਸ ਗੱਲ ਦੀ ਵੀ ਵਕਾਲਤ ਕਰਦੇ ਹਨ ਕਿ ਕਾਪੀਰਾਈਟ ਦੀਆਂ ਸ਼ਰਤਾਂ ਸੀਮਤ ਹੋਣੀਆਂ ਚਾਹੀਦੀਆਂ ਹਨ ਅਤੇ ਉਹ ਜਾਣਕਾਰੀ ਜੋ ਜਨਤਕ ਖੇਤਰ ਵਿੱਚ ਆਂਦੀ ਹੈ ਉਹ ਜਨਤਕ ਅਤੇ ਮੁਫ਼ਤ ਹੋਵੇ ।

## 5. ਨਿਰਪੱਖਤਾ, ਨਿੱਜੀ ਇਮਾਨਦਾਰੀ ਅਤੇ ਪੇਸ਼ੇਵਰ ਹੁਨਰ

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਸੰਗ੍ਰਹਿ, ਪਹੁੰਚ ਅਤੇ ਸੇਵਾ ਦੇ ਸਬੰਧ ਵਿੱਚ ਨਿਰਪੱਖ ਰੁਖ ਲਈ ਸਖਤੀ ਨਾਲ ਵਚਨਬੱਧ ਹਨ । ਨਿਰਪੱਖਤਾ ਦਾ ਨਤੀਜਾ ਸੰਤੁਲਿਤ ਸੰਗ੍ਰਹਿ ਅਤੇ ਪ੍ਰਾਪਤ ਕਰਨ ਯੋਗ ਸੂਚਨਾ ਤੱਕ ਸੰਤੁਲਿਤ ਪਹੁੰਚ ਪ੍ਰਦਾਨ ਕਰਨਾ ਹੈ ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਜਾਣਕਾਰੀ ਦੀ ਚੋਣ, ਸੰਗਠਨ, ਸੰਭਾਲ, ਪ੍ਰਬੰਧ, ਅਤੇ ਪ੍ਰਸਾਰ ਲਈ ਆਪਣੀਆਂ ਨੀਤੀਆਂ ਨੂੰ ਪਰਿਭਾਸ਼ਤ ਅਤੇ ਪ੍ਰਕਾਸ਼ਿਤ ਕਰਦੇ ਹਨ।

ਲਾਇਬ੍ਰੇਰੀਅਨ ਅਤੇ ਹੋਰ ਜਾਣਕਾਰੀ ਕਰਮਚਾਰੀ ਆਪਣੇ ਨਿੱਜੀ ਵਿਸ਼ਵਾਸਾਂ ਅਤੇ ਪੇਸ਼ੇਵਰ ਕਰਤੱਵਾਂ ਵਿੱਚ ਅੰਤਰ ਰੱਖਦੇ ਹਨ। ਉਹ ਨਿਰਪੱਖਤਾ ਦੀ ਕੀਮਤ ਤੇ ਨਿੱਜੀ ਹਿੱਤਾਂ ਜਾਂ ਨਿੱਜੀ ਵਿਸ਼ਵਾਸਾਂ ਨੂੰ ਅੱਗੇ ਨਹੀਂ ਵਧਾਉਂਦੇ ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀਆਂ ਨੂੰ ਕੰਮ ਵਾਲੀ ਥਾਂ ਤੇ ਬੋਲਣ ਦੀ ਆਜ਼ਾਦੀ ਦਾ ਅਧਿਕਾਰ ਹੈ ਬਸ਼ਰਤੇ ਇਹ ਵਰਤੋਂਕਾਰਾਂ ਪ੍ਰਤੀ ਨਿਰਪੱਖਤਾ ਦੇ ਸਿਧਾਂਤ ਦੀ ਉਲੰਘਣਾ ਨਾ ਕਰੇ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਲਾਇਬ੍ਰੇਰੀ ਸਮੱਗਰੀ ਦੇ ਸ੍ਰੋਤ ਅਤੇ ਪੂਰਤੀ, ਲਾਇਬ੍ਰੇਰੀ ਆਸਾਮੀਆਂ ਤੇ ਨਿਯੁਕਤੀਆਂ ਅਤੇ ਲਾਇਬ੍ਰੇਰੀ ਦੇ ਇਕਰਾਰਨਾਮੇ ਅਤੇ ਵਿੱਤ ਦੇ ਪ੍ਰਬੰਧਨ ਦੇ ਰੂਪ ਵਿੱਚ ਲਾਇਬ੍ਰੇਰੀ ਪੇਸ਼ੇ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਨ ਵਾਲੇ ਭ੍ਰਿਸ਼ਟਾਚਾਰ ਦਾ ਮੁਕਾਬਲਾ ਕਰਦੇ ਹਨ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਆਪਣੇ ਗਿਆਨ ਅਤੇ ਹੁਨਰ ਨੂੰ ਕਾਇਮ ਰੱਖਣ ਅਤੇ ਉਸ ਵਿੱਚ ਵਾਧਾ ਕਰ ਪੇਸ਼ੇ ਵਿੱਚ ਉੱਤਮਤਾ ਲਈ ਕੋਸ਼ਿਸ਼ ਕਰਦੇ ਹਨ। ਉਹ ਸੇਵਾ ਦੀ ਗੁਣਵੱਤਾ ਦੇ ਉੱਚੇ ਮਿਆਰਾਂ ਤੇ ਨਿਸ਼ਾਨਾ ਰੱਖਦੇ ਹਨ ਅਤੇ ਇਸ ਤਰ੍ਹਾਂ ਪੇਸ਼ੇ ਦੀ ਸਕਾਰਾਤਮਕ ਪ੍ਰਤਿਸ਼ਠਾ ਨੂੰ ਪ੍ਰਫੁਲਿਤ ਕਰਦੇ ਹਨ।

## 6. ਸਹਿਕਰਮੀ ਅਤੇ ਰੁਜ਼ਗਾਰਦਾਤਾ/ਕਰਮਚਾਰੀ ਦਾ ਰਿਸ਼ਤਾ

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਇੱਕ ਦੂਜੇ ਨਾਲ ਨਿਰਪੱਖਤਾ ਅਤੇ ਸਤਿਕਾਰ ਨਾਲ ਪੇਸ਼ ਆਉਂਦੇ ਹਨ।

ਲਾਇਬ੍ਰੇਰੀਅਨ ਅਤੇ ਹੋਰ ਜਾਣਕਾਰੀ ਕਰਮਚਾਰੀ ਉਮਰ, ਨਾਗਰਿਕਤਾ, ਰਾਜਨੀਤਿਕ ਵਿਸ਼ਵਾਸ, ਸਰੀਰਕ ਜਾਂ ਮਾਨਸਿਕ ਯੋਗਤਾ, ਲਿੰਗ, ਵਿਆਹੁਤਾ ਸਥਿਤੀ, ਮੂਲ, ਨਸਲ, ਧਰਮ ਜਾਂ ਜਿਨਸੀ ਰੁਝਾਨ ਦੇ ਕਾਰਨ ਰੁਜ਼ਗਾਰ ਦੇ ਕਿਸੇ ਵੀ ਪਹਿਲੂ ਵਿੱਚ ਵਿਤਕਰੇ ਦਾ ਵਿਰੋਧ ਕਰਦੇ ਹਨ।
ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਤੁਲਨਾਤਮਕ ਨੌਕਰੀਆਂ ਵਾਲੇ ਮਰਦਾਂ ਅਤੇ ਔਰਤਾਂ ਲਈ ਬਰਾਬਰ ਭੁਗਤਾਨ ਅਤੇ ਲਾਭਾਂ ਨੂੰ ਉਤਸ਼ਾਹਿਤ ਕਰਦੇ ਹਨ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਆਪਣੇ ਪੇਸ਼ੇਵਰ ਅਨੁਭਵ ਨੂੰ ਸਹਿਯੋਗੀਆਂ ਨਾਲ ਸਾਂਝਾ ਕਰਦੇ ਹਨ ਅਤੇ ਉਹ ਨਵੇਂ ਪੇਸ਼ੇਵਰਾਂ ਨੂੰ ਪੇਸ਼ੇਵਰ ਭਾਈਚਾਰੇ ਵਿੱਚ ਦਾਖਲ ਹੋਣ ਅਤੇ ਉਹਨਾਂ ਦੇ ਹੁਨਰ ਨੂੰ ਵਿਕਸਤ ਕਰਨ ਵਿੱਚ ਮਦਦ ਅਤੇ ਮਾਰਗਦਰਸ਼ਨ ਕਰਦੇ ਹਨ। ਉਹ ਆਪਣੀ ਪੇਸ਼ੇਵਰ ਸੰਘਾਂ ਦੀਆਂ ਗਤੀਵਿਧੀਆਂ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਪੇਸ਼ੇਵਰ ਮਾਮਲਿਆਂ ਤੇ ਖੋਜ ਅਤੇ ਪ੍ਰਕਾਸ਼ਨ ਵਿੱਚ ਹਿੱਸਾ ਲੈਂਦੇ ਹਨ।

ਲਾਇਬ੍ਰੇਰੀਅਨ ਅਤੇ ਹੋਰ ਸੂਚਨਾ ਕਰਮਚਾਰੀ ਆਪਣੀ ਪੇਸ਼ੇਵਰਤਾ ਅਤੇ ਨੈਤਿਕ ਵਿਵਹਾਰ ਦੇ ਅਧਾਰ ਤੇ ਨੇਕਨਾਮੀ ਅਤੇ ਰੁਤਬਾ ਕਮਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਅਨੁਚਿਤ ਢੰਗਾਂ ਦੀ ਵਰਤੋਂ ਕਰਕੇ ਸਾਥੀਆਂ ਨਾਲ ਮੁਕਾਬਲਾ ਨਹੀਂ ਕਰਦੇ।

## ਹੋਰ ਅਧਿਐਨ


- The Ethics of Librarianship. An International Survey. Ed. by Robert W. Vaagan with an introduction by Alex Byrne. München: Saur 2002 VI, 344 p.
- Gebolys, Zdzislaw, Jacek Tomaszczyk: Library Codes of Ethics Worldwide. Anthology. Berlin: Simon 2012. 267 p.
- Professional Codes of Ethics for Librarians. IFLA-Committee on Freedom of Access to Information and Free Expression (FAIFE).
- Sturges, Paul: Doing the Right Thing. Professional ethics for information workers in Britain. In: New Library World. 104, 2003, n. 1186, p. 94-102.



ਲੋਇਡਾ ਗਾਰਸੀਆ ਫੇਬੋ, ਐਨੀ ਹਸਤਾਦ, ਹਰਮਨ ਰੋਸ਼, ਪਾਲ ਸਟਰਗਸ ਅਤੇ ਐਮਲੀ ਵਾਲਟਨ

(ਫੈਫ਼ੀ (FAIFE) ਵਰਕਿੰਗ ਗਰੁੱਪ)



ਇਫ਼ਲਾ ਗਵਰਨਿੰਗ ਬੋਰਡ ਦੁਆਰਾ ਅਗਸਤ 2012 ਵਿੱਚ ਸਮਰਥਿਤ

ਅਨੁਵਾਦਕ: ਸੋਨੀਆ ਬਾਂਸਲ, ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ-141004 (ਪੰਜਾਬ), ਭਾਰਤ ਅਤੇ ਡਾ. ਰੋਬਿਨ ਬਾਂਸਲ, ਪੰਜਾਬ, ਭਾਰਤ